16 P
2197.
P

ACC NO - 2197

ੴ ਵਾਹਿਗੁਰੂ ਜੀ ਕੀ ਫਤਹ ॥

॥ ਦੋਹਿਰਾ ॥

ਗੁਰੂ ਨਾਨਕ ਨੂੰ ਬੰਦਨਾ ਕਰਾਂ ਮੈਂ ਸੀਸ ਨਵਾਇ
ਦਸਮ ਪਿਤਾ ਦੀ ਓਟ ਲੈ ਦਿਆਂ ਮੈ ਛੰਦ ਬਨਾਇ

॥ ਦੋਹਿਰਾ ॥

ਵਿਚ ਜੈਤੋ ਦੇ ਜ਼ਾਲਮਾਂ ਪਾਇਆ ਅਤ ਹਨੇਰ,
ਮਾਰ ਗੋਲੀਆਂ ਵੀਰ ਜੋ ਕਈ ਬਨਾਏ ਢੇਰ।
ਜੋ ਬੇਰ ਕਮ ਇਆ ਜਾਲਮਾਂ ਕੀ ਤੇ ਵੀਰ ਬੇਹਾਲ,
ਸੁਨਕ ਸ਼ੇਰ ਬਹਾਦਰਾਂ ਏਦਰ ਕੀਤਾ ਖਿਆਲ।

NATIONAL ARCHIVES LIBRARY
No 2197
Date 14-2-72
GOVT. OF INDIA

( 'ਤਰਜ' ਬਲੀਏ ਰੋਇਗੀ ਚਪੇੜ ਖਾਇਗੀ )

ਜਾਲਮਾਂ ਨ ਭੈ ਤੇਰਾ ਕੀ ਸੀ ਰਖਿਆ,
ਕਾਨੂ ਗਡੀਆਂ ਮਸ਼ੀਨਾ ਤੋਪਾਂ ...ਜਾਲਮਾਂ
ਜਾਲਮਾਂ ਗੋਲੀਆਂ ਦਾ ਵਾਰ ਕਰਕੇ,
ਬੂਟਾ ਅਪਨਾ ਜੜਾਂ ਤੋਂ ਪੁਟਿਆ...ਜਾਲਮਾਂ
ਜ਼ਾਲਮਾਂ ਵੀਰਾਂ ਤਾਂਈਂ ਸ਼ਹੀਦ ਕੀਤਾ,
ਤੇਰਾ ਬੇੜਾ ਗਰਕ ਹੋ ਜਾਵੇ...ਜਾਲਮਾਂ
ਜ਼ਾਲਮਾਂ ਸੀਨੇ ਵਿਚ ਛੇਕ ਪੈ ਗਿਆ,
ਜੇਹੜਾ ਜ਼ੁਲਮ ਪਾਪੀਆਂ ਕੀਤਾ...ਜਾਲਮਾਂ
ਜਾਲਮਾਂ ਗੋਲੀਆਂ ਮੰਗਾਲੈ ਰਜਕੇ,
ਸੀਨੇ ਨੰਗੇ ਅਸੀ ਹੁਨ ਆ ਗਏ...ਜਾਲਮਾਂ
ਜਾਲਮਾਂ ਹੁਨ ਸਬਰ ਨਾ ਮੂਲ ਆਂਵਦਾ,
ਜੜ ਪੁਟਕੇ ਛਡਾਂਗੇ ਤੇਰੀ...ਜਾਲਮਾਂ

ਜ਼ਾਲਮਾਂ ਤੂੰ ਵੀਰਾਂ ਤੇ ਚਲਾਈਆਂ ਗੋਲੀਆਂ,
ਤੈਨੂੰ ਸ਼ਰਮ ਜ਼ਰਾ ਨਾ ਆਈ...ਜ਼ਾਲਮਾਂ
ਜ਼ਾਲਮਾਂ ਅਸਾਂ ਸ਼ਾਂਤਮਈ ਦੀ ਹਦ ਕਰਨੀ,
ਰਜ ਰਜ ਕੇ ਪਾਪ ਕਮਾ ਲੈ...ਜ਼ਾਲਮਾਂ
ਜ਼ਾਲਮਾਂ ਤੂੰ ਬੰਦ ਬੰਦ ਵੇਖ ਕਟ ਕੇ,
ਤੈਨੂੰ ਪਤਾ ਕੀ ਸਿਦਕ ਦਾ ਸਾਡਾ...ਜ਼ਾਲਮਾਂ
ਜ਼ਾਲਮਾ ਭਲਾ ਜੇ ਤੂੰ ਚਾਹਿੰ ਅਪਨਾ,
ਬਨ ਬੈਰੀਆਂ ਬਿਸਤਰ ਏਥੋਂ...ਜ਼ਾਲਮਾਂ

## ਲਾਟ ਰੀਡਿੰਗ ਨਾਲ ਦੋ ਸ਼ੇਰਾਂ ਦੀਆਂ ਗੱਲਾਂ

(ਤਰਜ) ਬਲੀਏ ਸਾਰਾ ਪਿੰਡ ਵੈਰ ਪੈ ਗਿਆ।

ਰੀਡਿੰਗਾ ਅੰਦਰ ਖਿਆਲ ਮਾਰ ਖਾਂ,
ਤੂੰ ਕੀ ਏਹ ਇਨਸਾਫ ਕਮਾਇਆ...ਰੀਡਿੰਗਾ
ਰੀਡਿੰਗਾ ਤੂੰ ਸਾਡੇ ਨਾਲ ਕੀਤਾ ਟਾਕਰਾ,
ਹੁਨ ਇਨਸਾਫ ਦਸਾਂਗੇ ਤੇਰਾ...ਰੀਡਿੰਗਾ
ਰੀਡਿੰਗਾ ਤੂੰ ਗਲ ਕਰ ਯਾਦ ਅਪਨੀ,
ਜਦੋਂ ਟੁਰਿਆ ਮਾਰੀਆਂ ਡੀਂਗਾਂ...ਰੀਡਿੰਗਾ
ਰੀਡਿੰਗਾ ਲੋਕੀ ਤੈਨੂੰ ਕੀ ਸੀ ਆਖਦੇ,
ਜਾਕੇ ਹਿੰਦ ਇਨਸਾਫ ਕਮਾਸੀ...ਰੀਡਿੰਗਾ
ਰੀਡਿੰਗਾ ਤੈਨੂੰ ਸ਼ਰਮ ਜਰਾ ਨਾ ਆਂਵਦੀ,
ਸਾਡਾ ਪੰਜ ਸੌ ਵੀਰ ਕੁਹਾਇਆ...ਰੀਡਿੰਗਾ
ਰੀਡਿੰਗਾ ਦਿਲ ਤੇਰਾ ਖੁਸ਼ ਹੋ ਗਿਆ,
ਉਤੇ ਪੰਥ ਦੇ ਵੈਰ ਕਰਾਕੇ...ਰੀਡਿੰਗਾ

ਰੀਡੰਗਾਤੂੰ ਪੰਥਨੂੰ ਦੁਖਾਇਆ ਪਾਪੀਆ,
ਤੂੰ ਬੀ ਕਰ ਲੈ ਕੂਚ ਦੀ ਤਿਆਰੀ...ਰੀਡੰਗਾ

(ਤਰਜ) ਅਸਮਾਨੀ ਚੂੜੀਆਂ

ਐ ਮੇਰੇ ਸਤਿਗੁਰ ਤੂੰ ਮੇਰਾ ਆਸ਼ਿਆਨ ਦੇਖ ਜਾ,
ਕੌਮ ਅਪਨੀ ਕਾ ਠਿਕਾਨਾ ਜੇਲ ਖਾਨਾ ਦੇਖਜਾ।
ਗੁਰਦਵਾਰੇ ਅਪਨੇ ਹੈ ਲੇਕਨਦਖਲ ਉਨਕਾਨਹੀਂ,
ਪਾਠ ਖੰਡਨ ਕਰਕੇ ਤਾਰੋਂ ਕਾ ਲਗਾਨਾ ਦੇਖ ਜਾ।
ਕਿਆਗੁਜ਼ਰਤੀ ਹਮਗਰੀਬੋ ਪਹ ਸੁਨਾਵੇ ਕਿਆਤੁਝੇ,
ਗੁਰਦਵਾਰੇ ਜੈਤੋ ਮੇਂ ਗੋਲੀ ਕਾ ਨਸ਼ਾਨਾਂ ਦੇਖ ਜਾ।
ਹੋ ਗਏ ਸ਼ਹੀਦ ਜਾਕੇ ਮੌਤ ਕੇ ਲਾੜੇ ਥੇ ਜੋ,
ਆਪ ਕੀਗਲੀਓਂ ਮੇਂਜਾਲਮ ਕਾਰੁਲਾਨਾ ਦੇਖ ਜਾ।
ਗੋਲੀਓਂ ਕੀ ਮਾਰ ਕਰਕੇਜਿਮੀ ਪੈਉਨਕੋ ਸੁਲਾ ਦੀਆ,
ਜ਼ਾਲਮੋਂ ਕਾ ਆਜ ਮਿਟੀ ਮੇ ਮਿਲਾਨਾ ਦੇਖ ਜਾ।
ਹੋ ਰਹੇ ਹੈਂ ਜੁਲਮ ਜੈਤੋ ਗੁਰਦਵਾਰੇ ਮੇ ਆਜ ਜੋ,
ਜਾਬਰੋਂ ਕਾ ਵਾਂ ਪੇ ਗੋਲੀ ਕਾ ਚਲਨਾ ਦੇਖ ਜਾ।
ਕੌਮ ਸਾਰੀ ਮਰ ਮਿਟੇਗੀ ਆਪਦੇ ਰੰਗ ਸਰ ਮੇ ਜਾ,
ਇਕਪੈਰ ਨਾ ਪੀਛੇ ਹਟੇਂਗੇ ਸਬਕਾ ਜਾਨਾ ਦੇਖਜਾ।
ਤੋਪ ਸੇ ਉੜਾ ਦੇ ਹਮ ਕੋ ਉੜਨੇ ਕੋ ਤਿਆਰ ਹੈਂ,
ਆਪ ਕੇ ਕਦਮੋਂ ਮੇਂਹਮਾਰਾ ਸਿਰਝੁਕਾਨਾ ਦੇਖ ਜਾ।
ਯਕ ਬਾਦ ਦੀਗਰ ਜਾਵੇਂਗੇ ਗੋਲੀ ਕੋਖਾਨੇਕੇ ਲਿਏ,
ਜਾਬਰੋਂ ਕੇ ਹਾਥ ਸੇ ਆਕੇ ਉੜਾਨਾ ਦੇਖ ਜਾ।
ਪੁਰਜਾ ਪੁਰਜਾ ਕੱਟ ਮਰੇਂਗੇ ਉਫ ਨਾ ਨਿਕਲੇਗੀਜ਼ਰਾ,

ਸਬਰ ਸਾਡਾ ਜ਼ੁਲਮ ਜ਼ਾਲਮ ਕਾ ਕਮਾਨਾ ਦੇਖ ਜਾ !

## ਨਜ਼ਮ

ਹਾਇ ਜ਼ਾਲਮਾਂ ਹੁਣ ਤਾਂ ਹੱਦ ਕੀਤੀ,
ਫਾਇਰ ਗੋਲੀਆਂ ਦੇ ਕਰਵਾ ਦਿਤੇ।
ਕਰਨ ਆਏ ਸਨ ਯਾਤਰਾ ਗੰਗਸਰਦੀ,
ਕਈਆ ਭੈਣਾਂ ਦੇ ਵੀਰ ਮਰਵਾ ਦਿਤੇ।
ਧਰਤੀ ਖੂਨ ਦੇ ਨਾਲ ਲਾਲੋਲਾਲ ਹੋਗਈ,
ਤੂੰਬੇ ਵਾਂਗ ਸਰੀਰ ਉਡਵਾ ਦਿਤੇ।
ਜੇਹੜੇ ਬਚੇ ਸੀ ਗੋਲੀਆਂ ਨਾਲ ਸੋਹਣੇ,
ਉਨ੍ਹਾਂ ਹੱਥੀਂ ਜ਼ੰਜੀਰ ਮਰਵਾ ਦਿਤੇ।

ਨੌਕਰਸ਼ਾਹੀ ਔਹ ਅਕਾਲੀ ਦਾ

## ਸੁਵਾਲ ਜੁਵਾਬ

ਜ਼ਰਾ ਦੱਸ ਖਾਂ ਜ਼ੁਲਮ ਕਮਾਂਦਿਆ ਓਇ,
ਅਗੋਂ ਇਸਤਰਾਂ ਜ਼ੁਲਮ ਕਮਾਈ ਜਾਸੇਂ?
ਕੋਈ ਹੱਦ ਵੀ ਏਸ ਦੀ ਹੈ ਜਾਂ ਨਹੀਂ,
ਜਾਨਾਂ ਇਸਤਰਾਂ ਤੂੰ ਤੜਫਾਈ ਜਾਸੇਂ?
ਅਸਾਂ ਹੱਟਨਾਂ ਪਿਛਾਂ ਨਹੀਂ ਗੰਗਸਰਤੋਂ,
ਤੂੰ ਇਸਤਰਾਂ ਗੋਲੀ ਚਲਾਈ ਜਾਂਸੇਂ ?
ਅਸੀਂ ਲੱਖਾਂ ਹੀ ਹੋ ਤਿਆਰ ਆ ਗਏ,
ਸੱਚ ਦਸ ਤੂੰ ਕਰੀ ਸਫਾਈ ਜਾਸੇਂ ?

ਜੁਵਾਬ ਨੌਕਰਸ਼ਾਹੀ

ਸੁਨ ਅਕਾਲੀਆ ਭੋਲਿਆ ਕਮਲਿਆ ਓਇ
ਕੌਮ ਤੁਸਾਂ ਦੀ ਅਸੀ ਮਿਟਾਵਸਾਂਗੇ।
ਛਾਤੀ ਖੋਹਲ ਕੇ ਆਓ ਮੈਦਾਨ ਅੰਦਰ,
ਮਾਰ ਗੋਲੀਆਂ ਤੁਸਾਂ ਉਡਾਵਸਾਂਗੇ।
ਗੁਰੂ ਦਵਾਰਿਆਂ ਤੋਂ ਕਢ ਬਾਹਰ ਤੁਹਾਨੂੰ,
ਕਬਜੇ ਆਪਨੇ ਉਤੇ ਜਮਾਵਸਾਂ ਗੇ।
ਸਿੰਘ ਮਿਲੇ ਜਿਥੇ ਓਥੇ ਮਾਰ ਦੇਨਾ,
ਇਕ ਇਕ ਦੀ ਜਾਨ ਤੜਫਾਵਸਾਂ ਗੇ।

ਅਕਾਲੀ ਵੀਰ

ਧੰਨ ਭਾਗ ਸਾਡੇ ਸੁਨ ਮਿਤਰਾ ਓਏ,
ਹੁਨ ਅਸੀ ਸ਼ਹੀਦੀਆਂ ਪਾਵਸਾਂ ਗੇ।
ਹੋਕੇ ਰਹਾਂਗੇ ਅਸੀ ਆਜ਼ਾਦ ਭਾਵੇਂ,
ਉਮਰ ਜੰਗਲਾਂ ਵਿਚ ਬਤਾਵਸਾਂ ਗੇ।
ਗੁਰਦਵਾਰੇ ਦੀ ਗਲ ਜੋ ਕਹੀ ਯਾਰਾ,
ਓਥੇ ਲਖਾਂ ਹੀ ਸੀਸ ਚੜ੍ਹਾਵਸਾਂ ਗੇ।
ਆਖਰ ਮੁਲਕ ਨੂੰ ਅਸਾਂ ਆਜ਼ਾਦ ਕਰਨਾ,
ਜੜ੍ਹਾਂ ਤੇਰੀਆਂ ਏਥੋਂ ਪੁਟਾਵਸਾਂ ਗੇ।

## ਨਜ਼ਮ

ਐ ਜ਼ਾਲਮਾਂ ਜ਼ੁਲਮ ਤੋਂ ਬਾਜ ਆਜਾ,
ਕਈ ਜ਼ੁਲਮ ਦੀ ਤੇਗ ਉਠਾਈ ਹੋਈ ਆ।

ਰੂਹਾਂ ਕੀਤੀਆਂ ਕੈਦ ਜ਼ਿੰਦਾਨ ਅੰਦਰ,
ਤੇ ਇਨਸਾਫ ਦੀ ਮਿਟੀ ਪੁਟਾਈ ਹੋਈ ਆ।
ਜੈਤੋ ਮਾਰੀਆਂ ਗੋਲੀਆਂ ਅਸਾਂ ਤਾਈ,
ਅੰਧਾ ਧੁੰਦ ਤੂੰ ਗਰਦ ਮਚਾਈ ਹੋਈ ਆ।
ਸੜਿਆਂ ਦਿਲਾਂ ਤੇ ਸੁਟਨਾਏ ਤੇਲ ਮੁੜਕੇ,
ਤੀਲੀ ਲਾਕੇ ਅਗ ਚਾ ਲਾਈ ਹੋਈ ਆ।
ਗੁਰੂ ਦਵਾਰਿਆ ਨੂੰ ਕਬਜੇ ਵਿਚ ਕਰਨਾ,
ਏਹ ਦਿਲ ਦੇ ਵਿਚ ਠੈਰਾਈ ਹੋਈ ਆ।
ਸਾਡੀ ਗਰਦਨ ਦੇ ਉਤੇ ਚਲਾਨ ਖਾਤਰ,
ਤੇਗ ਸਾਂਗ ਦੇ ਉਤੇ ਚੜਾਈ ਹੋਈ।
ਧਰਮੀ ਜਥਿਆਂ ਨੂੰ ਬਾਗੀ ਕਹੇਂ, ਤੈਨੂੰ,
ਪਟੀ ਕਿਸ ਕੰਬਖਤ ਪੜਾਈ ਹੋਈ ਆ।
ਗਜੇ ਸੂਰਮੇ ਜਦੋਂ ਮੈਦਾਨ ਅੰਦਰ,
ਕਨੀ ਫੜਨ ਵਲੋਂ ਕਤਰਾਈ ਹੋਈ ਆ।
ਤੂੰ ਵੀ ਜਾਣਨਾ ਏ ਜੋਰ ਖਾਲਸੇ ਦਾ,
ਤੇਗ ਜਿਸ ਮੈਦਾਨ ਚਲਾਈ ਹੋਈ ਆ।
ਤੇਰੇ ਜਹੇ ਝਟਕੇ ਕਈ ਮੈਦਾਨ ਅੰਦਰ,
ਹੁਣ ਸ਼ਾਂਤਮਈ ਕਸਮ ਉਠਾਈ ਹੋਈ ਆ।
ਸੀਸ ਲਥਿਆਂ ਤਲੀ ਤੇ ਲੜਨ ਵਾਲੇ,
ਉਮਰ ਜੰਗਲਾਂ ਵਿਚ ਬਤਾਈ ਹੋਈ ਆ।
ਅਟਕ ਜਿਹਾ ਨੂੰ ਝਟ ਅਟਕਾ ਕੇ ਤੇ,
ਫੌਜ ਵਿਚ ਦਰਿਆ ਲੰਘਾਈ ਹੋਈ ਆ।

ਹਰੀ ਸਿੰਘ ਜਰਨੈਲ ਜੇਹੇ ਬੀਰ ਜੋਧੇ,
ਚੁਪਸ਼ੇਹ ਰਾਗਨੇ ਦੀ ਧਮਕ ਪਾਈ ਹੋਈਆ।
ਦੂਲਾ ਸਿੰਘ ਪਠਾਨ ਵਡ ਜੋਧਿਆਂ ਦੀ,
ਜਾਨ ਵਿਚ ਨਸੈਹਰੇ ਰੁਲਾਈ ਹੋਈਆ।
ਏਹ ਓਹ ਅਕਾਲੀ ਨੇ ਭੁਲ ਗਏ ਨੀ,
ਤੇਗ ਜਿਨਾਂ ਫਰਾਂਸ ਚਲਾਈ ਹੋਈ ਆ।
ਬੈਠੇ ਲਾ ਸਮਾਧੀ ਹੁਨ ਸ਼ਾਂਤਮਈ ਦੀ,
ਹਥ ਸਬਰ ਦੀ ਤੇਗ ਉਠਾਈ ਹੋਈ ਆ।

ਇਤੀ

## ਖਾਸ ਖਿਆਲ ਰਖਨਾ

ਕਵੀ ਗੁਰਬਖਸ਼ ਸਿੰਘ ਦੀਆਂ ਰਚੀਆਂ ਪੁਸਤਕਾਂ ਜੋ ਕੇ (ਜਾਲਮਾਂ ਨੂੰ ਸ਼ਕਿਸਤ) ਸਾਕਾ ਗੁਰੂ ਕੇ ਬਾਗ ਦਾ ਕੋਰੜੇ ਛੰਦ ਵਿਚ ਭਲੀ ਤਰਾਂ ਵਰਨਨ ਕੀਤਾ ਹੈ। ਸਾਕੇ ਤੋਂ ਇਲਾਵੇ ਇਸਦੇ ਵਿਚ ਧਾਰਮਕ ਗਜ਼ਲਾਂ ਔਰ ਨਜ਼ਮਾਂ ਵੀ ਬਹੌਤ ਸਾਰੀਆਂ ਹੈਨ ਕੀਮਤ ਸਿਰਫ਼ =)॥ (ਸ਼ਹੀਦੀ ਝੋਕ) ਸਾਕਾ ਨਨਕਾਨ ਸਾਹਿਬ ਦਾ ਕੀਮਤ –) ਨਾਭੇ ਉਤੇ ਜਾਲਮਾਂ ਦਾ ਕਬਜਾ ਅਤੇ (ਸ਼ੇਰਾਂ ਦੀ ਗਰਜ) ਕੀਮਤ –) ਇਸਦਾ ਦੂਜਾ ਹਿਸਾ ਆਪ ਦੇ ਪੇਸ਼ ਹੈ ਤੀਸਰੇ ਹਿਸੇ ਦੀ ਉਡੀਕ ਰਖਨੀ।

ਮਿਲਨ ਦਾ ਪਤਾ—ਭੋਲਾ ਸਿੰਘ ਮੇਹਰ ਸਿੰਘ
ਬਜਾਰ ਮਾਈ ਸੇਵਾਂ ਅੰਮ੍ਰਿਤਸਰ